## ਇਸ਼ਰਤ ਕਤਲ ਕਾਂਡ

# ਝੂਠੇ ਪੁਲਿਸ ਮੁਕਾਬਲਿਆਂ ਨੂੰ ਰੋਕਣ ਵਿਚ ਅਸਫ਼ਲ ਰਹੀਆਂ ਅਦਾਲਤਾਂ



ਦਿੱਲੀ ਤੋਂ
ਪ੍ਰਫੁੱਲ ਬਿਦਵਈ

**ਮੁੰਬਈ** ਦੇ ਨੇੜੇ ਰਹਿਣ ਵਾਲੀ 19 ਸਾਲਾ ਵਿਦਿਆਰਥਣ ਇਸ਼ਰਤ ਜਹਾਂ ਜਿਸ ਉਤੇ ਅੱਤਵਾਦੀਆਂ ਨਾਲ ਮਿਲੇ ਹੋਣ ਦਾ ਦੋਸ਼ ਲਗਾਇਆ ਗਿਆ ਸੀ, ਨੂੰ ਜੂਨ 2004 ਵਿਚ ਅਹਿਮਦਾਬਾਦ ਦੇ ਨੇੜੇ ਗੁਜਰਾਤ ਪੁਲਿਸ ਨੇ ਮਾਰ ਮੁਕਾਇਆ ਸੀ। ਇਸ ਤਰ੍ਹਾਂ ਉਹ ਹਜ਼ਾਰਾਂ ਉਨ੍ਹਾਂ ਲੋਕਾਂ ਵਿਚ ਸ਼ਾਮਿਲ ਹੋ ਗਈ ਹੈ ਜਿਹੜੇ ਸਮੇਂ-ਸਮੇਂ 'ਤੇ ਝੂਠੇ ਜਾਂ ਫਰਜ਼ੀ ਪੁਲਿਸ ਮੁਕਾਬਲਿਆਂ ਦਾ ਸ਼ਿਕਾਰ ਹੋ ਚੁੱਕੇ ਹਨ। ਪਿਛਲੇ ਸਾਲ ਜਿਵੇਂ ਬਾਟਲਾ ਹਾਊਸ ਮੁਕਾਬਲੇ ਦਾ ਮਾਮਲਾ ਸਾਹਮਣੇ ਆਇਆ ਸੀ। ਵਿਗਿਆਨਕ ਜਾਂਚ 'ਤੇ ਆਧਾਰਿਤ ਰਿਪੋਰਟਾਂ ਜਿਨ੍ਹਾਂ ਵਿਚ ਗੋਲੀ ਦੇ ਵਿਗਿਆਨਕ ਅਧਿਐਨ ਦਾ ਰਿਕਾਰਡ ਅਤੇ ਹੋਰ ਸਬੂਤ ਸ਼ਾਮਿਲ ਹਨ, ਦੀ ਸੁਚੱਜੀ ਅਤੇ ਨਿਰਪੱਖ ਪੜਤਾਲ ਤੋਂ ਬਾਅਦ ਜੋ ਤੱਥ ਉੱਭਰ ਕੇ ਸਾਹਮਣੇ ਆਏ ਹਨ, ਉਸ ਦੇ ਤਹਿਤ ਅਹਿਮਦਾਬਾਦ ਦੇ ਮੈਜਿਸਟ੍ਰੇਟ ਐਸ. ਪੀ. ਤਮੰਗ ਨੇ ਸਿੱਟਾ ਕੱਢਿਆ ਹੈ ਕਿ ਇਸ਼ਰਤ ਨੂੰ ਤਿੰਨ ਦਿਨਾਂ ਦੀ ਗ਼ੈਰ-ਕਾਨੂੰਨੀ ਹਿਰਾਸਤ ਵਿਚ ਰੱਖਣ ਤੋਂ ਬਾਅਦ ਯੋਜਨਾਬੱਧ ਢੰਗ, ਬੇਫਿਕਰੀ, ਨਿਰਦਈਪੁਣੇ ਅਤੇ ਬੇਰਹਿਮੀ ਨਾਲ ਕਤਲ ਕੀਤਾ ਗਿਆ ਹੈ। ਸ੍ਰੀ ਤਮੰਗ ਦੀ 270 ਸਫਿਆਂ ਦੀ ਰਿਪੋਰਟ ਅਨੁਸਾਰ ਪੁਲਿਸ ਨੇ ਦੋਵਾਂ ਧਿਰਾਂ ਵਿਚਕਾਰ ਹਥਿਆਰਬੰਦ ਮੁਕਾਬਲਾ ਅਤੇ ਦੋਵਾਂ ਪੱਖਾਂ ਵੱਲੋਂ ਚਲਾਈਆਂ ਗਈਆਂ ਗੋਲੀਆਂ ਨੂੰ ਦਿਖਾਉਣ ਲਈ ਮ੍ਰਿਤਕਾ ਦੇ ਸਰੀਰਾਂ ਉਤੇ ਬੰਦੂਕਾਂ ਅਤੇ ਤਿੰਨ 90 ਕਾਰਟਰਿਜਾਂ ਨਾਲ ਭਰੇ ਹੋਏ ਬਾਰੂਦੀ ਮੈਗਜ਼ੀਨ ਆਪਣੇ ਵੱਲੋਂ ਰੱਖ ਦਿੱਤੇ ਸਨ ਪਰ ਸਚਾਈ ਇਹ ਹੈ ਕਿ ਨਾ ਤਾਂ ਕੋਈ ਮੁਕਾਬਲਾ ਹੋਇਆ ਅਤੇ ਨਾ ਹੀ ਪੁਲਿਸ ਵੱਲੋਂ ਆਤਮ-ਰੱਖਿਆ ਲਈ ਕੋਈ ਜਵਾਬੀ ਕਾਰਵਾਈ ਕੀਤੀ ਗਈ।

## ਯੋਜਨਾਬੱਧ ਸਾਜ਼ਿਸ਼ !

ਗੁਜਰਾਤ ਦੇ 25 ਸਿਖਰਲੇ ਪੁਲਿਸ ਅਧਿਕਾਰੀਆਂ ਨੇ ਇਸ਼ਰਾਤ ਅਤੇ ਉਸ ਦੇ ਕਥਿਤ ਸਾਥੀਆਂ ਦਾ ਕਤਲ ਕਰਨ ਲਈ ਇਕ ਯੋਜਨਾਬੱਧ ਸਾਜ਼ਿਸ਼ ਘੜੀ ਸੀ। ਉਨ੍ਹਾਂ ਉਤੇ ਪਾਕਿਸਤਾਨੀ ਜੇਹਾਦੀ ਗਰੁੱਪਾਂ ਨਾਲ ਮਿਲ ਕੇ ਗੁਜਰਾਤ ਦੇ ਮੁੱਖ ਮੰਤਰੀ ਨਰਿੰਦਰ ਮੋਦੀ ਦੀ ਹੱਤਿਆ ਕਰਨ ਦੀ ਯੋਜਨਾ ਬਣਾਉਣ ਦਾ ਦੋਸ਼ ਲਗਾਉਣਾ ਇਸ ਸਾਜ਼ਿਸ਼ ਦਾ ਹਿੱਸਾ ਸੀ। 2005 ਵਿਚ ਵੀ ਸ਼ਹਾਬੂਦੀਨ ਸ਼ੇਖ ਦੀ ਹੱਤਿਆ ਨੂੰ ਫਰਜ਼ੀ ਪੁਲਿਸ ਮੁਕਾਬਲੇ ਜਾਂ ਸਿੱਧੇ ਸ਼ਬਦਾਂ ਵਿਚ ਸੋਚੀ-ਸਮਝੀ ਸਾਜ਼ਿਸ਼ ਤਹਿਤ ਕਤਲ ਕੀਤਾ ਗਿਆ ਸੀ ਅਤੇ ਇਸ ਨੂੰ ਸਾਬਕਾ ਅੱਤਵਾਦ ਵਿਰੋਧੀ ਦਸਤੇ ਦੇ ਮੁਖੀ ਡੀ. ਜੀ. ਵਣਜਾਰਾ ਨੇ ਅੰਜਾਮ ਦਿੱਤਾ ਸੀ। ਇਸ ਨੇ ਗੁਜਰਾਤ ਸਰਕਾਰ ਦੀ ਭਰੋਸੇਯੋਗਤਾ ਨੂੰ ਭਾਰੀ ਸੱਟ ਮਾਰੀ ਸੀ। ਹੁਣ ਮੈਜਿਸਟ੍ਰੇਟ ਦੀ ਤਾਜ਼ਾ ਰਿਪੋਰਟ ਨੇ ਗੁਜਰਾਤ ਸਰਕਾਰ ਦੀ ਬਚੀ-ਖੁਚੀ ਭਰੋਸੇਯੋਗਤਾ ਵੀ ਖ਼ਤਮ ਕਰ ਦਿੱਤੀ ਹੈ।

ਇਸ ਰਿਪੋਰਟ ਨੂੰ ਸਵੀਕਾਰ ਕਰਨ ਅਤੇ ਢੁਕਵੀਂ ਕਾਰਵਾਈ ਕਰਨ ਦੀ ਬਜਾਏ ਮੋਦੀ ਸਰਕਾਰ ਚਿੱਕੜ ਸੁੱਟਣ 'ਤੇ ਉਤਾਰੂ ਹੋ ਗਈ ਹੈ ਅਤੇ ਉਸ ਨੇ ਦਾਅਵਾ ਕੀਤਾ ਹੈ ਕਿ ਸ੍ਰੀ ਤਮੰਗ ਨੇ ਕ੍ਰਿਮੀਨਲ ਪਰੋਸੀਜ਼ਰ ਕੋਡ ਦੇ ਸੈਕਸ਼ਨ 176 (1 ਏ) ਜੋ ਪੁਲਿਸ ਹਿਰਾਸਤ ਵਿਚ ਕੀਤੇ ਜਾਂਦੇ ਜੁਰਮਾਂ ਨਾਲ ਸੰਬੰਧਿਤ ਹੈ, ਦੇ ਤਹਿਤ ਆਪਣੇ ਅਧਿਕਾਰ ਖੇਤਰ ਦੀ ਹੱਦ ਟੱਪਣ ਦੀ ਕੋਸ਼ਿਸ਼ ਕੀਤੀ ਹੈ। ਉਸ ਨੇ ਇਹ ਵੀ ਕਿਹਾ ਹੈ ਕਿ ਕੇਂਦਰ ਸਰਕਾਰ ਨੇ ਆਪਣੇ ਹਲਫੀਆ ਬਿਆਨ ਵਿਚ ਇਸ਼ਰਤ ਦਾ ਸਬੰਧ ਪਾਕਿਸਤਾਨੀ ਕੱਟੜਪੰਥੀ ਗਰੁੱਪਾਂ ਦੇ ਨਾਲ ਦੱਸਿਆ ਹੈ ਪਰ ਸੈਕਸ਼ਨ 176 (1 ਏ) ਦੇ ਤਹਿਤ ਮੈਜਿਸਟ੍ਰੇਟ ਪੁਲਿਸ ਹਿਰਾਸਤ ਵਿਚ ਹੋਈ ਕਿਸੇ ਵੀ ਮੌਤ, ਲਾਪਤਾ ਕਰਨ ਜਾਂ ਪੁਲਿਸ ਹਿਰਾਸਤ ਵਿਚ ਹੁੰਦੇ ਬਲਾਤਕਾਰਾਂ ਦੀ ਜਾਂਚ ਕਰ ਸਕਦਾ ਹੈ ਅਤੇ ਉਸ ਨੂੰ ਕਰਨੀ ਵੀ ਚਾਹੀਦੀ ਹੈ ਅਤੇ ਸ੍ਰੀ ਤਮੰਗ ਨੇ ਇਹ ਸਿੱਧ ਕੀਤਾ ਹੈ ਕਿ ਮ੍ਰਿਤਕ ਗੋਲੀਆਂ ਨਾਲ ਕਤਲ ਹੋਣ ਤੋਂ ਪਹਿਲਾਂ ਪੁਲਿਸ ਹਿਰਾਸਤ ਵਿਚ ਸਨ। ਕੇਂਦਰ ਸਰਕਾਰ ਨੇ ਸ਼ਾਇਦ ਇਸ ਬਾਰੇ ਜਾਨਣ ਲਈ ਹੀ ਹਲਫੀਆ ਬਿਆਨ ਦਾਇਰ ਕੀਤਾ ਹੋਵੇ। ਪਰ ਜੇ ਅਜਿਹਾ ਨਾ ਵੀ ਹੋਵੇ ਤਾਂ ਫਿਰ ਵੀ ਇਹ ਇਸ਼ਰਤ ਦੀ ਹੱਤਿਆ ਨੂੰ ਨਿਆਂ ਸੰਗਤ ਨਹੀਂ ਸਿੱਧ ਕਰਦਾ। ਸੱਭਿਅਕ ਅਤੇ ਕਾਨੂੰਨ ਦੀ ਪਾਲਣਾ ਕਰਨ ਵਾਲੀਆਂ ਸਰਕਾਰਾਂ ਅਪਰਾਧੀਆਂ 'ਤੇ ਮੁਕੱਦਮਾ ਚਲਾਉਂਦੀਆਂ ਹਨ ਨਾ ਕਿ ਉਨ੍ਹਾਂ ਨੂੰ ਗੋਲੀਆਂ ਨਾਲ ਉਡਾ ਦਿੰਦੀਆਂ ਹਨ।

## ਕੋਝਾ ਪੈਂਤੜਾ

ਮੋਦੀ ਸਰਕਾਰ ਨੇ ਇਸ ਮਾਮਲੇ ਵਿਚ ਕੋਝਾ ਪੈਂਤੜਾ ਅਪਣਾਇਆ ਹੈ। 2002 ਵਿਚ ਆਜ਼ਾਦ ਭਾਰਤ ਵਿਚ ਵਾਪਰੀ ਸਰਕਾਰੀ ਸ਼ਹਿ ਪ੍ਰਾਪਤ ਇਕ ਵੱਡੀ ਫਿਰਕੂ ਹਿੰਸਾ ਵਿਚ ਉਸ ਦੀ ਭੂਮਿਕਾ ਅਤੇ ਅਪਰਾਧੀਆਂ ਨੂੰ ਸਜ਼ਾ ਦਿਵਾਉਣ ਵਾਲੇ ਸਬੂਤਾਂ ਨੂੰ ਨਸ਼ਟ ਕਰਨ ਦੀ ਕੋਸ਼ਿਸ਼ ਵਾਲਾ ਜੁਰਮ ਕਰਨਾ ਇਸੇ ਪੈਂਤੜੇ ਦਾ ਹਿੱਸਾ ਸੀ।

ਸ੍ਰੀ ਤਮੰਗ ਦੀ ਰਿਪੋਰਟ ਨੇ ਗੁਜਰਾਤ ਪ੍ਰਸ਼ਾਸਨ ਵਿਚ ਪਿਛਲੇ ਕੁਝ ਸਾਲਾਂ ਤੋਂ ਭਾਰੂ ਰਹੇ ਫਿਰਕੂਵਾਦ ਦੇ ਵਰਤਾਰੇ ਨੂੰ ਉਜਾਗਰ ਕੀਤਾ ਹੈ। ਇਸ ਦੀ ਪੁਸ਼ਟੀ ਹਾਲ ਹੀ ਵਿਚ ਸੇਵਾ-ਮੁਕਤ ਹੋਏ ਸੀਨੀਅਰ ਪੁਲਿਸ ਅਧਿਕਾਰੀ ਆਰ. ਬੀ. ਸ੍ਰੀ ਕੁਮਾਰ ਨੇ ਵੀ ਕੀਤੀ ਹੈ, ਜੋ 2002 ਦੇ ਕਤਲੇਆਮ ਦੌਰਾਨ ਗੁਜਰਾਤ ਦੇ ਖੁਫੀਆ ਵਿੰਗ ਦਾ ਮੁਖੀ ਸੀ ਅਤੇ ਉਸ ਨੇ ਇਨ੍ਹਾਂ ਘਟਨਾਵਾਂ ਦਾ ਵਿਸਥਾਰਿਤ ਖਰੜਾ ਤਿਆਰ ਕੀਤਾ ਹੈ। ਉਸ ਦਾ ਇੰਕਸ਼ਾਫ ਹੈ ਕਿ ਗੁਜਰਾਤ ਦੇ ਮੁੱਖ ਸਕੱਤਰ ਜੀ. ਸੀ. ਸੁਬਾਰਾਓ ਨੇ ਉਨ੍ਹਾਂ ਨੂੰ ਕਿਹਾ ਸੀ ਕਿ 'ਸਾਨੂੰ ਗੁਜਰਾਤ ਪੁਲਿਸ ਨੂੰ ਮਜ਼ਬੂਤ ਸਿੱਧ ਕਰਨ ਲਈ ਕੁਝ ਲੋਕਾਂ ਨੂੰ ਕਤਲ ਕਰਨਾ ਪਵੇਗਾ।' ਉਸ ਦਾ ਕਹਿਣਾ ਹੈ ਕਿ ਗੁਜਰਾਤ ਸਰਕਾਰ ਨੇ ਫਰਜ਼ੀ ਮੁਕਾਬਲਿਆਂ 'ਚ ਕੀਤੇ ਕਤਲ ਆਪਣੀ 'ਪਾਲਿਸੀ' ਦੇ ਤਹਿਤ ਕੀਤੇ ਹਨ। ਗੁਜਰਾਤ ਦੀ ਪੁਲਿਸ ਨਿਸਚਿਤ ਰੂਪ ਵਿਚ ਭਾਰਤ 'ਚ ਸਭ ਤੋਂ ਫਿਰਕੂ, ਭ੍ਰਿਸ਼ਟ ਅਤੇ ਹਥਿਆਰ ਚਲਾਉਣ ਦੀ ਸ਼ੌਕੀਨ ਹੈ।

## ਫੈਲਿਆ ਹੋਇਆ ਧੰਦਾ

ਬਦਕਿਸਮਤੀ ਨਾਲ ਫਰਜ਼ੀ ਮੁਕਾਬਲਿਆਂ ਦਾ ਧੰਦਾ ਗੁਜਰਾਤ ਤੱਕ ਹੀ ਸੀਮਤ ਨਹੀਂ, ਸਗੋਂ ਸਾਰੇ ਪ੍ਰਾਂਤਾਂ ਅਤੇ ਕੇਂਦਰ ਸ਼ਾਸਤ ਪ੍ਰਦੇਸ਼ਾਂ ਤੱਕ ਫੈਲਿਆ ਹੋਇਆ ਹੈ। ਇਹ ਧੰਦਾ ਕਿੰਨਾ ਵੱਡਾ ਅਤੇ ਕਿਸ ਕਦਰ ਵਧ ਰਿਹਾ ਹੈ, ਇਸ ਦਾ ਕੁਝ ਅੰਦਾਜ਼ਾ ਪੁਲਿਸ ਹਿਰਾਸਤ ਵਿਚ ਹੋਣ ਵਾਲੀਆਂ ਮੌਤਾਂ ਤੋਂ ਲਗਾਇਆ ਜਾ ਸਕਦਾ ਹੈ, ਜਿਨ੍ਹਾਂ ਦਾ ਕੇਵਲ ਇਕ ਹਿੱਸਾ ਫਰਜ਼ੀ ਮੁਕਾਬਲਿਆਂ ਦੇ ਰੂਪ ਵਿਚ ਸਾਹਮਣੇ ਆਉਂਦਾ ਹੈ। ਰਾਸ਼ਟਰੀ ਮਨੁੱਖੀ ਅਧਿਕਾਰ ਕਮਿਸ਼ਨ ਦੁਆਰਾ ਜਾਰੀ ਕੀਤੀਆਂ ਗਈਆਂ ਹਦਾਇਤਾਂ ਦੇ ਅਨੁਸਾਰ ਸਾਰੇ ਰਾਜਾਂ ਤੋਂ ਇਹ ਉਮੀਦ ਕੀਤੀ ਜਾਂਦੀ ਹੈ ਕਿ 24 ਘੰਟਿਆਂ ਦੇ ਅੰਦਰ-ਅੰਦਰ ਪੁਲਿਸ ਹਿਰਾਸਤ ਵਿਚ ਹੋਈ ਮੌਤ ਦੀ ਰਿਪੋਰਟ ਕੀਤੀ ਜਾਵੇ। ਬਹੁਤੇ ਰਾਜ ਇਨ੍ਹਾਂ ਹਦਾਇਤਾਂ ਦੀ ਪਾਲਣਾ ਨਹੀਂ ਕਰਦੇ। ਸਭ ਤੋਂ ਮਹੱਤਵਪੂਰਨ ਗੱਲ ਇਹ ਹੈ ਕਿ ਸੂਬੇ ਪੁਲਿਸ ਮੁਕਾਬਲਿਆਂ ਵਿਚ ਹੋਈਆਂ ਹੱਤਿਆਵਾਂ ਨੂੰ ਹਿਰਾਸਤ ਵਿਚ ਹੋਈਆਂ ਮੌਤਾਂ ਦੇ ਤੌਰ 'ਤੇ ਪੇਸ਼ ਨਹੀਂ ਕਰਦੇ, ਸਗੋਂ ਇਹ ਝੂਠਾ ਦਾਅਵਾ ਕਰਦੇ ਹਨ ਕਿ ਮੁਕਾਬਲੇ ਉਦੋਂ ਅੰਜਾਮ ਦਿੱਤੇ ਜਾਂਦੇ ਹਨ ਜਦੋਂ ਪੁਲਿਸ ਅਪਰਾਧਿਕ ਜਥੇਬੰਦੀ ਦੇ ਅੱਡੇ 'ਤੇ ਛਾਪਾ ਮਾਰਦੀ ਹੈ ਜਾਂ ਅੱਤਵਾਦੀ ਨੂੰ ਫੜਨ ਦੀ ਕੋਸ਼ਿਸ਼ ਕਰਦੀ ਹੈ ਜਾਂ ਫਿਰ ਜਦੋਂ ਅੱਤਵਾਦੀ ਪੁਲਿਸ 'ਤੇ ਹਮਲਾ ਕਰਦੇ ਹਨ।



ਇਸ਼ਰਤ ਜਹਾਂ

ਇਨ੍ਹਾਂ ਸਾਰੀਆਂ ਸੀਮਤਾਈਆਂ ਅਤੇ ਊਣਤਾਈਆਂ ਦੇ ਬਾਵਜੂਦ ਰਾਸ਼ਟਰੀ ਮਨੁੱਖੀ ਅਧਿਕਾਰ ਕਮਿਸ਼ਨ ਦੇ ਅੰਕੜੇ ਚਿੰਤਾਜਨਕ ਹਨ। ਸਾਲ 1994 ਤੋਂ 2008 ਦੇ ਅੰਦਰ-ਅੰਦਰ ਬਹੁਤ ਸਾਰੇ ਸੂਬਿਆਂ ਵਿਚ ਪੁਲਿਸ ਨੇ ਔਸਤਨ ਹਰ ਸਾਲ 1200 ਤੋਂ ਜ਼ਿਆਦਾ ਲੋਕ ਫਰਜ਼ੀ ਮੁਕਾਬਲਿਆਂ ਵਿਚ ਮਾਰ ਦਿੱਤੇ। ਸੱਤਾ ਵਿਚ ਪਾਰਟੀ ਭਾਵੇਂ ਕੋਈ ਵੀ ਹੋਵੇ। ਮਹਾਰਾਸ਼ਟਰ ਦੀ ਸਥਿਤੀ ਇਸ ਮਾਮਲੇ ਵਿਚ ਸਭ ਤੋਂ ਬਦਤਰ ਹੈ। ਮਹਾਰਾਸ਼ਟਰ ਵਿਚ ਅਪ੍ਰੈਲ 2001 ਤੋਂ ਮਾਰਚ 2009 ਤੱਕ 192 ਹਿਰਾਸਤੀ ਮੌਤਾਂ ਹੋਈਆਂ ਦੱਸੀਆਂ ਗਈਆਂ ਹਨ। ਬਾਕੀ ਰਾਜਾਂ ਦਾ ਨੰਬਰ ਇਸ ਤੋਂ ਬਾਅਦ ਆਉਂਦਾ ਹੈ।

ਇਕ ਹੋਰ ਡਾਢਾ ਚਿੰਤਾ ਦਾ ਵਿਸ਼ਾ ਇਹ ਹੈ ਕਿ 2000 ਤੋਂ ਲੈ ਕੇ 2001 ਤੱਕ ਸਾਰੇ ਦੇਸ਼ ਵਿਚ ਹੋਈਆਂ ਹਿਰਾਸਤੀ ਮੌਤਾਂ ਦੇ ਮੁਕਾਬਲੇ 2007 ਤੋਂ 2008 ਤੱਕ ਹੋਈਆਂ ਹਿਰਾਸਤੀ ਮੌਤਾਂ ਦੇ ਵਰਤਾਰੇ ਵਿਚ 91 ਫੀਸਦੀ ਵਾਧਾ ਦਰਜ ਕੀਤਾ ਗਿਆ ਹੈ। ਅੱਜ ਦੇ ਸਮੇਂ ਭਾਰਤ ਦੇ ਵੱਖ-ਵੱਖ ਹਿੱਸਿਆਂ ਵਿਚ ਪੁਲਿਸ ਦੀ ਹਿਰਾਸਤ ਵਿਚ ਮਰਨ ਵਾਲੇ ਲੋਕਾਂ ਦੀ ਗਿਣਤੀ ਔਸਤਨ ਹਰ ਮਹੀਨੇ 150 ਤੋਂ ਵੀ ਵੱਧ ਹੈ। ਇਹ ਗਿਣਤੀ ਬੇਰੋਕ ਵਧਦੀ ਜਾ ਰਹੀ ਹੈ, ਕਿਉਂਕਿ ਪੁਲਿਸ ਨੂੰ ਬੇਰਹਿਮ ਕਤਲਾਂ ਦੀ ਖੁੱਲ੍ਹ ਦੇ ਦਿੱਤੀ ਗਈ ਹੈ। ਪੁਲਿਸ ਦੇ ਅਧਿਕਾਰੀ ਆਪਣੇ ਸਾਥੀ ਅਪਰਾਧੀ ਅਧਿਕਾਰੀਆਂ ਵਿਰੁੱਧ ਢੁਕਵੀਂ ਐਫ. ਆਈ. ਆਰ. ਦਰਜ ਨਹੀਂ ਕਰਦੇ ਅਤੇ ਇਸ ਦੀ ਬਜਾਏ ਕਤਲ ਕੀਤੇ ਗਏ ਬੰਦੇ ਦੇ ਖਿਲਾਫ 'ਕਤਲ ਕਰਨ ਦੀ ਕੋਸ਼ਿਸ਼' ਦਾ ਦੋਸ਼ ਲਗਾ ਕੇ ਕੇਸ ਨੂੰ ਠੰਢੇ ਬਸਤੇ 'ਚ ਪਾ ਦਿੰਦੇ ਹਨ। ਉਨ੍ਹਾਂ ਨੂੰ ਫਰਜ਼ੀ ਮੁਕਾਬਲਿਆਂ ਲਈ ਹੋਰ ਉਤਸ਼ਾਹਿਤ ਕੀਤਾ ਜਾਂਦਾ ਹੈ, ਕਿਉਂਕਿ ਇਸ ਨਾਲ ਉਨ੍ਹਾਂ ਦੇ 'ਆਕਾ' ਖ਼ੁਸ਼ ਹੁੰਦੇ ਹਨ ਅਤੇ ਇਨਾਮ ਵਜੋਂ ਉਨ੍ਹਾਂ ਨੂੰ ਤਰੱਕੀਆਂ ਮਿਲਦੀਆਂ ਹਨ, ਕਿਉਂਕਿ ਇਨ੍ਹਾਂ ਝੂਠੇ ਮੁਕਾਬਲਿਆਂ ਨੂੰ ਰਾਸ਼ਟਰੀ ਸੁਰੱਖਿਆ ਨਾਲ ਜੋੜ ਦਿੱਤਾ ਜਾਂਦਾ ਹੈ। ਉਨ੍ਹਾਂ ਦੀ ਦਲੀਲ ਹੈ ਕਿ ਤੁਰੰਤ ਨਤੀਜੇ ਹਾਸਲ ਕਰਨ ਲਈ ਅਜਿਹੇ ਮੁਕਾਬਲੇ ਜ਼ਰੂਰੀ ਹੁੰਦੇ ਹਨ। ਕਈ ਵਾਰ ਪੁਲਿਸ ਕੋਲ ਕਥਿਤ ਅੱਤਵਾਦੀ ਵਿਰੁੱਧ ਸਬੂਤ ਨਹੀਂ ਹੁੰਦੇ ਤਾਂ ਉਹ ਉਸ ਨੂੰ ਮਾਰ ਦੇਣਾ ਜਾਇਜ਼ ਕਰਾਰ ਦਿੰਦੇ ਹਨ ਜੋ ਕਿ ਇਨਸਾਫ ਨਹੀਂ ਹੈ। ਕਿਸੇ ਵੀ ਢੁਕਵੇਂ ਸਬੂਤ ਤੋਂ ਬਗੈਰ ਪੁਲਿਸ ਕਿਸੇ ਵਿਅਕਤੀ 'ਤੇ ਦੋਸ਼ ਨਹੀਂ ਲਗਾ ਸਕਦੀ। ਜ਼ਿੰਦਗੀ ਤੇ ਮੌਤ ਦੇ ਮਾਮਲਿਆਂ ਵਿਚ ਵਿਅਕਤੀਗਤ ਅੰਦਾਜ਼ਿਆਂ ਨੂੰ ਹਾਵੀ ਨਹੀਂ ਹੋਣ ਦਿੱਤਾ ਜਾ ਸਕਦਾ।

## ਨਿਆਂਪਾਲਿਕਾ ਦੀ ਭੂਮਿਕਾ

ਕੋਈ ਵੀ ਸਮਾਜ ਜਿਹੜਾ ਲੋਕਤੰਤਰ ਅਤੇ ਸੰਵਿਧਾਨਿਕ ਕਾਨੂੰਨ ਦੇ ਸ਼ਾਸਨ ਦਾ ਸਤਿਕਾਰ ਕਰਦਾ ਹੈ ਤੇ ਸੱਭਿਅਕ ਬਣਨ ਦੀ ਤਾਂਘ ਰੱਖਦਾ ਹੈ, ਉਹ ਝੂਠੇ ਮੁਕਾਬਲਿਆਂ ਦੇ ਧੰਦੇ ਨੂੰ ਵਧਣ-ਫੁੱਲਣ ਦੀ ਇਜਾਜ਼ਤ ਨਹੀਂ ਦੇ ਸਕਦਾ। ਭਾਰਤੀ ਪੁਲਿਸ ਇਸ 'ਤੇ ਰੋਕ ਲਾਉਣ ਵਿਚ ਅਸਫਲ ਰਹੀ ਹੈ। ਨਿਆਂਪਾਲਿਕਾ ਨੇ ਵੀ ਇਸ ਸਬੰਧੀ ਕੋਈ ਕਾਰਵਾਈ ਨਹੀਂ ਕੀਤੀ। ਅਜਿਹਾ ਲਗਦਾ ਹੈ ਜਿਵੇਂ ਸਾਡੀਆਂ ਵੱਡੀਆਂ ਅਦਾਲਤਾਂ ਦੇ ਜੱਜ ਇਸ ਗੱਲ ਤੋਂ ਜਾਣੂ ਨਾ ਹੋਣ ਕਿ ਝੂਠੇ ਮੁਕਾਬਲੇ ਕਾਫੀ ਪ੍ਰਚੱਲਿਤ ਹੋ ਗਏ ਹਨ ਜਾਂ ਪੁਲਿਸ ਵੱਲੋਂ ਕਾਤਲਾਂ ਨੂੰ ਬਚਾਉਣ ਹਿਤ ਰਾਸ਼ਟਰੀ ਮਨੁੱਖੀ ਅਧਿਕਾਰ ਕਮਿਸ਼ਨ ਦੀਆਂ ਹਦਾਇਤਾਂ ਦੀ ਆਏ ਦਿਨ ਉਲੰਘਣਾ ਕੀਤੀ ਜਾਂਦੀ ਹੈ। ਭਾਵੇਂ ਕਿ ਫਰਜ਼ੀ ਮੁਕਾਬਲਿਆਂ ਵਿਚ ਹੋਈਆਂ ਹੱਤਿਆਵਾਂ ਦਾ ਬਾਕਾਇਦਾ ਰਿਕਾਰਡ ਹੁੰਦਾ ਹੈ ਅਤੇ ਇਸ ਦੇ ਦੋਸ਼ੀਆਂ ਨੂੰ ਸਜ਼ਾ ਦਿਵਾਉਣ ਲਈ ਪਟੀਸ਼ਨਾਂ ਵੀ ਦਾਇਰ ਕੀਤੀਆਂ ਜਾਂਦੀਆਂ ਹਨ, ਫਿਰ ਵੀ ਸਾਡੀਆਂ ਅਦਾਲਤਾਂ ਸਰਕਾਰਾਂ ਨੂੰ ਇਨ੍ਹਾਂ ਮੁਕਾਬਲਿਆਂ ਵਿਚ ਹੋਈਆਂ ਹੱਤਿਆਵਾਂ ਦੀ ਜਾਂਚ ਦਾ ਹੁਕਮ ਨਹੀਂ ਦਿੰਦੀਆਂ। ਇਕੱਲੇ ਆਂਧਰਾ ਪ੍ਰਦੇਸ਼ ਵਿਚ ਮਨੁੱਖੀ ਅਧਿਕਾਰ ਸੰਗਠਨਾਂ ਨੇ 1997 ਤੋਂ 2007 ਵਿਚ ਅਜਿਹੀਆਂ 1997 ਹੱਤਿਆਵਾਂ ਦਾ ਰਿਕਾਰਡ ਇਕੱਠਾ ਕੀਤਾ ਸੀ ਅਤੇ ਹਾਈ ਕੋਰਟ ਵਿਚ ਇਸ ਸਬੰਧੀ ਪਟੀਸ਼ਨਾਂ ਦਾਇਰ ਕੀਤੀਆਂ ਸਨ ਪਰ ਹਾਈ ਕੋਰਟ ਨੇ ਇਨ੍ਹਾਂ 'ਤੇ ਕਾਰਵਾਈ ਕਰਨ ਤੋਂ ਇਨਕਾਰ ਕਰ ਦਿੱਤਾ। ਸੁਪਰੀਮ ਕੋਰਟ ਵੀ ਇਸ ਮਾਮਲੇ ਵਿਚ ਸਮਾਨ ਰੂਪ ਵਿਚ ਢਿੱਲੀ ਹੈ। ਹੁਣ ਇਹ ਸਮਾਂ ਆ ਗਿਆ ਹੈ ਕਿ ਅਦਾਲਤਾਂ ਨੂੰ ਸੰਵਿਧਾਨ ਦੀ ਪਾਲਣਾ ਕਰਦੇ ਹੋਏ ਜ਼ਿੰਦਗੀ ਦੇ ਸਭ ਤੋਂ ਮੁਢਲੇ ਅਤੇ ਮਹੱਤਵਪੂਰਨ ਅਧਿਕਾਰ ਦੀ ਰਾਖੀ ਲਈ ਕਾਰਜਸ਼ੀਲ ਹੋਣਾ ਚਾਹੀਦਾ ਹੈ।